# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 25 ਜੁਲਾਈ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਰਮਨਦੀਪ ਕੌਰ ਨੇ ਕਿੱਕ ਬਾਕਸਿੰਗ ਚੈਂਪੀਅਨਸ਼ਿਪ 'ਚ ਨਾਮ ਚਮਕਾਇਆ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼



ਸ੍ਰੀ ਮੁਕਤਸਰ ਸਾਹਿਬ 25 ਜੁਲਾਈ : ਲੰਘੀ 16 ਜੁਲਾਈ ਤੋਂ 20 ਜੁਲਾਈ ਤੱਕ ਛੱਤੀਸਗੜ੍ਹ ਵਿਖੇ ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਮੁਕਾਬਲਾ ਹੋਇਆ ਸੀ। ਇਸ ਮੁਕਾਬਲੇ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚੋਂ ਕਰੀਬ ਦੋ ਦਰਜਨ ਤੋਂ ਵੱਧ ਟੀਮਾਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਜਿਲ੍ਹੇ ਦੇ ਸੰਮੇਵਾਲੀ ਪਿੰਡ ਦੀ ਧੀ ਰਮਨਦੀਪ ਕੌਰ ਨੇ 45 ਕਿਲੋਗ੍ਰਾਮ ਤੱਕ ਭਾਰ ਦੇ ਮੁਕਾਬਲੇ ਵਿੱਚ ਭਾਗ ਲਿਆ ਸੀ।ਇਸ ਫਸਵੇਂ ਮੁਕਾਬਲੇ ਵਿੱਚ ਰਮਨਦੀਪ ਨੇ ਉਕਤ ਚੈਂਪੀਅਨਸ਼ਿਪ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਪਿੰਡ, ਸਮੁੱਚੇ ਇਲਾਕੇ ਅਤੇ ਪੰਜਾਬ ਦਾ ਮਾਣ ਵਧਾਇਆ ਹੈ। ਮੈਡਲ ਪ੍ਰਾਪਤੀ ਤੋਂ ਰਮਨਦੀਪ ਕੱਲ੍ਹ ਹੀ ਆਪਣੇ ਜੱਦੀ ਪਿੰਡ ਸੰਮੇਵਾਲੀ ਪਹੁੰਚੀ ਹੈ । ਜਿੱਥੇ ਪਰਿਵਾਰ ਦੇ ਸ਼ੁਭਚਿੰਤਕਾਂ ਵੱਲੋਂ ਉਸ ਦਾ ਭਰਪੂਰ ਸਵਾਗਤ ਕੀਤਾ ਗਿਆ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ, ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ ਅਤੇ ਪੈਟਰਨ ਡਾ. ਸੁਰਿੰਦਰ ਗਿਰਧਰ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਰਮਨਦੀਪ ਕੌਰ ਅਤੇ ਉਸ ਦੇ ਪਿਤਾ ਸਾਹਿਬ ਸਿੰਘ ਸਮੇਤ ਸਮੁੱਚੇ ਪਰਿਵਾਰ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਢੋਸੀਵਾਲ ਨੇ ਉਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਦੇਸ਼ ਭਰ ਵਿੱਚ ਜਿਲ੍ਹੇ ਦਾ ਨਾਮ ਉੱਚਾ ਕਰਨ ਵਾਲੀ ਰਮਨਦੀਪ ਕੌਰ ਨੂੰ ਜਲਦੀ ਹੀ ਉਹਨਾਂ ਦੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

## ਸ਼ਹੀਦਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਦੀ ਜ਼ਿੰਮੇਵਾਰੀ ਨੌਜਵਾਨ ਪੀੜ੍ਹੀ ਦੇ ਸਿਰ – ਕੌਸ਼ਲ

### ਮਹਾਨ ਕ੍ਰਾਂਤੀਕਾਰੀ ਚੰਦਰ ਸ਼ੇਖਰ ਆਜ਼ਾਦ ਦੇ 119ਵੇਂ ਜਨਮ ਦਿਨ 'ਤੇ ਕੀਤਾ ਯਾਦ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫ਼ਰੀਦਕੋਟ, 25 ਜੁਲਾਈ : ਮਹਾਨ ਕ੍ਰਾਂਤੀਕਾਰੀ ਚੰਦਰ ਸ਼ੇਖਰ ਆਜ਼ਾਦ ਅਤੇ ਉਨਾਂ ਦੀ ਜੱਥੇਬੰਦੀ 'ਹਿੰਦੁਸਤਾਨ ਸਮਾਜਵਾਦੀ ਰਿਪਬਲਿਕਨ ਐਸੋਸੀਏਸ਼ਨ' ਦੇ ਦੂਸਰੇ ਸਾਥੀਆਂ ਨੇ ਅਜ਼ਾਦੀ ਬਾਅਦ ਜਿਸ ਤਰਾਂ ਦੇ ਭਾਰਤ ਦੇਸ਼ ਦਾ ਸੁਪਨਾ ਲਿਆ ਸੀ, ਉਹ ਅਜੇ ਤੱਕ ਪੂਰਾ ਨਹੀਂ ਹੋਇਆ, ਜਿਸ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਨੌਜਵਾਨ ਅਤੇ ਵਿਦਿਆਰਥੀਆਂ ਦੇ ਸਿਰ ਬਣਦੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਰਾਮ ਮੁਹੰਮਦ ਸਿੰਘ ਅਜ਼ਾਦ ਵੈਲਫੇਅਰ ਸੋਸਾਇਟੀ ਕੋਟਕਪੂਰਾ' ਦੇ ਪ੍ਰਧਾਨ ਅਸ਼ੋਕ ਕੌਸ਼ਲ ਨੇ ਸਥਾਨਕ ਸਰਕਾਰੀ ਮਿਡਲ ਸਕੂਲ ਪੁਰਾਣਾ ਕਿਲਾ ਵਿਖੇ ਅਜਾਦੀ ਸੰਗਰਾਮ ਦੇ ਮਹਾਨ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਦੇ 119ਵੇਂ ਜਨਮ ਦਿਵਸ ਮੌਕੇ ਸਵੇਰ ਦੀ ਸਭਾ ਨੂੰ ਸੰਬੋਧਨ ਕਰਦੇ ਹੋਏ ਕੀਤਾ । ਉਨਾਂ ਕਿਹਾ ਕਿ ਇਹਨਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਭਾਵੇਂ ਬਰਤਾਨਵੀ ਸਾਮਰਾਜੀਆਂ ਤੋਂ ਰਾਜਨੀਤਕ ਅਜ਼ਾਦੀ ਤਾਂ ਮਿਲ ਗਈ ਪਰ ਆਰਥਿਕ ਅਤੇ ਸਮਾਜਿਕ ਵਿਤਕਰੇ ਅਤੇ ਵੰਡੀਆਂ ਦਾ ਪਾੜਾ ਹੋਰ ਵੀ ਵਧ ਗਿਆ ਹੈ। ਇਹ ਅਧੂਰੇ ਸੁਪਨੇ ਪੂਰੇ ਕਰਕੇ ਸੰਵਿਧਾਨ ਵਿੱਚ ਦਰਜ ਆਦਰਸ਼ਾਂ ਮੁਤਾਬਕ ਸਮਾਨਤਾ ਅਤੇ ਸਾਂਝੀਵਾਲਤਾ ਵਾਲਾ ਸਮਾਜ ਉਸਾਰਣ ਦੀ ਵੱਡੀ ਚੁਣੌਤੀ ਦੇਸ਼ ਦੇ ਸਾਹਮਣੇ ਹੈ। ਇੰਚਾਰਜ ਮੈਡਮ ਸੁਖਵਿੰਦਰ ਕੌਰ ਨੇ ਸੋਸਾਇਟੀ ਵੱਲੋਂ ਕਰਵਾਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ

ਸੰਖੇਪ ਅਤੇ ਸਾਦਾ ਸਮਾਗਮ ਵਿੱਚ ਸੋਸਾਇਟੀ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ ਅਤੇ ਵਿੱਤ ਸਕੱਤਰ ਸੋਮ ਨਾਥ ਅਰੋੜਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਵੀ ਸੁਣਾਏ ਗਏ। ਸਕੂਲ ਵੱਲੋਂ ਰਾਮ ਮੁਹੰਮਦ ਸਿੰਘ ਅਜ਼ਾਦ ਵੈਲਫੇਅਰ ਸੋਸਾਇਟੀ ਦੇ ਕਾਰਜਾਂ ਦੀ ਪ੍ਰਸੰਸਾ ਕੀਤੀ ਗਈ । ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਕੂਲ ਸਟਾਫ ਅਧਿਆਪਕ ਪਵਨ ਕੁਮਾਰ ਚਾਵਲਾ , ਡਾਕਟਰ ਅੰਕਰ ਦੁਆ , ਰਜਨੀ ਗੁਪਤਾ, ਰਾਜਵਿੰਦਰ ਕੌਰ ਖਾਲਸਾ ਅਤੇ ਸਮੂਹ ਸਟਾਫ ਮੈਂਬਰਜ ਹਾਜ਼ਰ ਸਨ।

## ਸਮਾਜ ਸੇਵੀ ਅਰਸ਼ ਸੱਚਰ ਦੀ ਸ਼ਿਕਾਇਤ ਤੋਂ ਬਾਅਦ ਜੀਜੀਐਸਐਮਸੀਐਚ ਦੇ ਐਮ.ਐਸ. ਨੇ ਜਾਰੀ ਕੀਤੀਆਂ ਹਦਾਇਤਾਂ

### ਮਰੀਜ਼ਾਂ ਨੂੰ ਬਾਹਰੋਂ ਦਵਾਈਆਂ ਜਾਂ ਟੈਸਟ ਨਾ ਕਰਵਾਉਣ ਅਤੇ ਬਿਨਾਂ ਗੱਲੋਂ ਰੈਫਰ ਨਾ ਕਰਨ ਦੇ ਨਿਰਦੇਸ਼ ਕੀਤੇ ਜਾਰੀ

### ਪੰਜਾਬ ਦੇ ਲਗਭਗ 10 ਜ਼ਿਲ੍ਹਿਆਂ ਤੋਂ ਮਰੀਜ਼ ਇਲਾਜ ਲਈ ਆਉਂਦੇ ਹਨ ਫਰੀਦਕੋਟ ਮੈਡੀਕਲ ਕਾਲਜ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 25 ਜੁਲਾਈ : ਸਮਾਜ ਸੇਵੀ ਅਰਸ਼ ਸੱਚਰ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿੱਚ ਮਰੀਜ਼ਾਂ ਦੇ ਬਾਹਰੋਂ ਟੈਸਟ ਕਰਵਾਉਣ ਅਤੇ ਬਾਹਰੋਂ ਦਵਾਈਆਂ ਲੈਣ ਦਾ ਮੁੱਦਾ ਮੁੱਖ ਮੰਤਰੀ ਨੂੰ ਭੇਜੇ ਜਾਣ ਤੋਂ ਬਾਅਦ ਮੈਡੀਕਲ ਸੁਪਰਡੈਂਟ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਸਬੰਧ ਵਿੱਚ ਅਰਸ਼ ਸੱਚਰ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਮੁੱਦਾ ਉਠਾਇਆ ਸੀ। ਆਪਣੀ ਸ਼ਿਕਾਇਤ ਵਿੱਚ ਅਰਸ਼ ਸੱਚਰ ਨੇ ਲਿਖਿਆ ਸੀ ਕਿ ਪੰਜਾਬ ਦੇ ਲਗਭਗ ਦਸ ਜ਼ਿਲ੍ਹਿਆਂ ਤੋਂ ਮਰੀਜ਼ ਇੱਥੇ ਇਲਾਜ ਲਈ ਆਉਂਦੇ ਹਨ। ਪੰਜਾਬ ਸਰਕਾਰ ਵੱਲੋਂ ਸਾਰਿਆਂ ਲਈ ਮੁਫ਼ਤ ਅਤੇ ਪਹੁੰਚਯੋਗ ਡਾਕਟਰੀ ਸੇਵਾਵਾਂ ਯਕੀਨੀ ਬਣਾਉਣ ਦੀ ਵਚਨਬੱਧਤਾ ਦੇ ਬਾਵਜੂਦ, ਇਸ ਹਸਪਤਾਲ ਦੀ ਜ਼ਮੀਨੀ ਹਕੀਕਤ ਬਿਲਕੁਲ ਵੱਖਰੀ ਹੈ। ਸ਼ਿਕਾਇਤ ਅਨੁਸਾਰ ਮਰੀਜ਼ਾਂ ਨੂੰ ਐਮਰਜੈਂਸੀ ਸਥਿਤੀਆਂ ਵਿੱਚ ਵੀ, ਬੁਨਿਆਦੀ ਟੈਸਟਾਂ ਅਤੇ ਜ਼ਰੂਰੀ ਦਵਾਈਆਂ ਲਈ ਨਿਯਮਿਤ ਤੌਰ 'ਤੇ ਟੈਸਟਾਂ ਅਤੇ ਦਵਾਈਆਂ ਲਈ ਬਾਹਰ ਭੇਜਿਆ ਜਾਂਦਾ ਹੈ। ਜਿਸ ਕਾਰਨ ਆਰਥਿਕ ਤੌਰ 'ਤੇ ਕਮਜ਼ੋਰ ਮਰੀਜ਼ਾਂ 'ਤੇ ਭਾਰੀ ਵਿੱਤੀ ਬੋਝ ਪੈਂਦਾ ਹੈ ਅਤੇ ਉਹ ਬੇਲੋੜੇ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ। ਅਰਸ਼ ਸੱਚਰ ਦੀ ਸ਼ਿਕਾਇਤ ਅਨੁਸਾਰ, ਹਸਪਤਾਲ ਦੇ ਐਮਰਜੈਂਸੀ ਵਾਰਡ ਤੋਂ ਪ੍ਰਾਈਵੇਟ ਹਸਪਤਾਲਾਂ ਵਿੱਚ ਰੈਫਰ ਕੀਤੇ ਜਾਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਡਾਕਟਰ ਨਿੱਜੀ ਪ੍ਰਯੋਗਸ਼ਾਲਾਵਾਂ ਅਤੇ ਕੈਮਿਸਟਾਂ ਤੋਂ ਕਮਿਸ਼ਨ ਲੈ ਰਹੇ ਹਨ। ਜਿਸ ਕਾਰਨ ਮਰੀਜ਼ਾਂ ਦੀ ਭਲਾਈ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਸਬਸਿਡੀ ਵਾਲੀਆਂ ਦਵਾਈਆਂ ਪ੍ਰਦਾਨ ਕਰਨ ਲਈ ਬਣਾਈ ਗਈ ਅੰਮ੍ਰਿਤ ਫਾਰਮੇਸੀ ਕਥਿਤ ਤੌਰ 'ਤੇ ਬਾਜ਼ਾਰ ਦਰਾਂ ਤੋਂ ਵੱਧ ਵਸੂਲੀ ਕਰ ਰਹੀ ਹੈ। ਜਿਸ ਕਾਰਨ ਉਨ੍ਹਾਂ ਮਰੀਜ਼ਾਂ ਦਾ ਜ਼ਿਆਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਜੋ ਸਰਕਾਰੀ ਸਿਹਤ ਸੰਭਾਲ ਪ੍ਰਣਾਲੀਆਂ 'ਤੇ ਪੂਰੀ ਇਮਾਨਦਾਰੀ ਨਾਲ ਭਰੋਸਾ ਕਰਦੇ ਹਨ। ਇਸ ਸ਼ਿਕਾਇਤ ਦੇ ਤਹਿਤ, ਉਨ੍ਹਾਂ ਨੇ ਐਮਰਜੈਂਸੀ ਵਿਭਾਗ ਦੇ ਰੈਫਰਲ ਅਭਿਆਸਾਂ ਅਤੇ ਕੰਮਕਾਜ ਦੀ ਸੁਤੰਤਰ ਜਾਂਚ, ਅੰਮ੍ਰਿਤ ਫਾਰਮੇਸੀ ਦੇ ਆਡਿਟ ਅਤੇ ਜਾਂਚ, ਫਾਰਮੇਸੀ, ਐਮਰਜੈਂਸੀ ਅਤੇ ਡਾਇਗਨੌਸਟਿਕ ਖੇਤਰਾਂ ਵਿੱਚ ਆਡੀਓ ਰਿਕਾਰਡਿੰਗ ਸਹੂਲਤ ਵਾਲੇ ਸੀਸੀਟੀਵੀ ਕੈਮਰੇ ਲਗਾਉਣ, ਪਾਰਦਰਸ਼ਤਾ ਅਤੇ ਜਵਾਬਦੇਹੀ ਲਈ ਇੱਕ ਸਮਰਪਿਤ ਨਿਗਰਾਨੀ ਟੀਮ ਦੁਆਰਾ ਇਨ੍ਹਾਂ ਰਿਕਾਰਡਿੰਗਾਂ ਦੀ ਹਫਤਾਵਾਰੀ ਸਮੀਖਿਆ ਪ੍ਰਣਾਲੀ ਅਤੇ ਕੇਂਦਰੀ ਰਜਿਸਟ੍ਰੇਸ਼ਨ ਦਫ਼ਤਰ ਵਿੱਚ ਇੱਕ ਸਮਰਪਿਤ ਹੈਲਪ ਡੈਸਕ/ਵਿੰਡੋ ਸਥਾਪਤ ਕਰਨ ਦੀ ਮੰਗ ਕੀਤੀ ਸੀ। ਜਿਸ ਤੋਂ ਬਾਅਦ ਮੁੱਖ ਮੰਤਰੀ ਦਫ਼ਤਰ ਨੇ ਇਸ ਮਾਮਲੇ ਦੀ ਜਾਂਚ ਲਈ ਸਿਹਤ ਵਿਭਾਗ ਦੇ ਸਕੱਤਰ ਨੂੰ ਸ਼ਿਕਾਇਤ ਨੂੰ ਨਿਸ਼ਾਨਬੱਧ ਕੀਤਾ। ਹੁਣ ਇਸ ਮਾਮਲੇ ਵਿੱਚ ਨਿਰਦੇਸ਼ ਮਿਲਣ ਤੋਂ ਬਾਅਦ, ਜੀਜੀਐਸਐਮਸੀਐਚ ਦੇ ਮੈਡੀਕਲ ਸੁਪਰਡੈਂਟ ਦੁਆਰਾ ਇੱਕ ਪੱਤਰ ਜਾਰੀ ਕੀਤਾ ਗਿਆ ਹੈ। ਜਿਸ ਵਿੱਚ ਉਨ੍ਹਾਂ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਮਰੀਜ਼ਾਂ ਨੂੰ ਹਸਪਤਾਲ ਤੋਂ ਬਾਹਰੋਂ ਦਵਾਈਆਂ ਖਰੀਦਣ ਦੀ ਸਲਾਹ ਨਾ ਦਿੱਤੀ ਜਾਵੇ, ਹਸਪਤਾਲ ਦੀਆਂ ਦੁਕਾਨਾਂ ਤੋਂ ਬਾਹਰ ਕਿਸੇ ਵੀ ਵਿਅਕਤੀ ਨੂੰ ਅੰਦਰ ਨਾ ਜਾਣ ਦਿੱਤਾ ਜਾਵੇ ਅਤੇ ਕਿਸੇ ਵੀ ਮਰੀਜ਼ ਨੂੰ ਜਾਂਚ ਲਈ ਬਾਹਰ ਨਾ ਭੇਜਿਆ ਜਾਵੇ। ਇਸ ਪੱਤਰ ਵਿੱਚ ਵਿਸ਼ੇਸ਼ ਤੌਰ 'ਤੇ ਲਿਖਿਆ ਗਿਆ ਹੈ ਕਿ ਜੇਕਰ ਕੋਈ ਉਪਰੋਕਤ ਹਦਾਇਤਾਂ ਦੀ ਉਲੰਘਣਾ ਕਰਦਾ ਹੈ, ਤਾਂ ਇਸਦੀ ਸੂਚਨਾ ਤੁਰੰਤ ਐਮਐਸ ਨੂੰ ਦਿੱਤੀ ਜਾਵੇ।

## ਵਿਪਸਾਅ ਵੱਲੋਂ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਗੋਸ਼ਟੀ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਹੇਵਰਡ, 25 ਜੁਲਾਈ : ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ ਹੇਵਰਡ ਵਿਖੇ ਜਗਜੀਤ ਨੌਸ਼ਹਿਰਵੀ ਦੇ ਪਲੇਠੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' 'ਤੇ ਵਿਚਾਰ ਚਰਚਾ ਕਰਵਾਈ ਗਈ। ਵਿਚਾਰ ਗੋਸ਼ਟੀ ਦੀ ਪ੍ਰਧਾਨਗੀ ਪੰਜਾਬ ਤੋਂ ਆਏ ਹੋਏ ਪ੍ਰਸਿੱਧ ਸ਼ਾਇਰ ਜਸਵੀਰ ਧੀਮਾਨ, ਜਸਵੀਰ ਗਿੱਲ, ਜਗਜੀਤ ਨੌਸ਼ਹਿਰਵੀ, ਹਰਜਿੰਦਰ ਕੰਗ, ਪ੍ਰੋ. ਸੁਰਿੰਦਰ ਸਿੰਘ ਸੀਰਤ, ਸੁਰਿੰਦਰ ਸਿੰਘ ਧਨੋਆ ਅਤੇ ਬਲਵਿੰਦਰ ਸਿੰਘ ਧਨੋਆ ਨੇ ਕੀਤੀ। ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਨੂੰ ਜੀ ਆਇਆਂ ਕਿਹਾ। ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪ੍ਰਸਿੱਧ ਸ਼ਾਇਰ ਈਸ਼ਰ ਸਿੰਘ ਮੋਮਨ ਅਤੇ ਟੈਕਸਸ ਵਿਖੇ ਹੜ੍ਹ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਜਗਜੀਤ ਦੀ ਕਿਤਾਬ ਵਿੱਚੋਂ ਖ਼ੂਬਸੂਰਤ ਗ਼ਜ਼ਲ ਗਾਇਨ ਕੀਤਾ। ਇਸ ਜਗਜੀਤ ਨੌਸ਼ਹਿਰਵੀ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਦੱਸਿਆ ਕਿ ਉਸ ਦੇ ਦਾਦਾ ਜੀ ਵੱਲੋਂ ਘਰ ਵਿਚ ਰੱਖੇ ਕਿੱਸਾ ਕਾਵਿ ਨੇ ਉਸ ਨੂੰ ਸਾਹਿਤ ਨਾਲ਼ ਜੋੜਿਆ। ਉਸ ਨੇ ਕਾਲਜ ਦੇ ਅੰਤਿਮ ਕਾਲ ਵਿੱਚ ਲਿਖਣਾ ਸ਼ੁਰੂ ਕੀਤਾ। ਅਮਰੀਕਾ ਵਿੱਚ ਵਿਪਸਾਅ ਨਾਲ਼ ਜੁੜਨ ਅਤੇ ਜੱਥੇਬੰਦਕ ਕਾਰਜ ਕਰਨ ਦੇ ਨਾਲ਼ ਨਾਲ਼ ਕਾਵਿ ਰਚਨਾ ਵੀ ਸਹਿਜ ਕਦਮੀਂ ਚੱਲਦੀ ਰਹੀ ਜੋ ਇਸ ਕਿਤਾਬ ਦੇ ਰੂਪ ਵਿੱਚ ਸਾਹਮਣੇ ਆਈ ਹੈ। ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਕਿਤਾਬ ਉੱਪਰ ਭਾਵ-ਪੂਰਤ ਪਰਚਾ ਪੜ੍ਹਿਆ। ਉਨ੍ਹਾਂ ਕਿਹਾ ਕਿ ਇਸ ਕਿਤਾਬ ਦੀਆਂ ਗ਼ਜ਼ਲਾਂ, ਨਜ਼ਮਾਂ ਤੇ ਗੀਤ ਦਿਲ ਦੀ ਗਹਿਰਾਈ ਵਿੱਚੋਂ ਉਪਜੀਆਂ ਹਨ। ਇਨ੍ਹਾਂ ਵਿਚ ਗੁਰੂਆਂ ਦੀ ਰਹਿਮਤ, ਸ਼ਾਹ ਹੁਸੈਨ, ਕਰਤਾਰ ਸਿੰਘ ਸਰਾਭਾ, ਮਹਾਤਮਾ ਬੁੱਧ, ਮਹਾਰਾਜਾ ਦਲੀਪ ਸਿੰਘ ਅਤੇ ਦੁੱਲ੍ਹਾ ਭੱਟੀ ਆਦਿ ਪੰਜਾਬ ਦੇ ਨਾਇਕ ਨਵੇਂ ਰੂਪ ਵਿੱਚ ਜੀਵੰਤ ਹੋਏ ਹਨ। ਇਹ ਕਿਤਾਬ ਅਮਰੀਕੀ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਣ ਵਾਧਾ ਹੈ।










ਜਗਜੀਤ ਨੌਸ਼ਹਿਰਵੀ ਦੇ ਬੇਟੇ ਜੇਅ ਸੰਧੂ ਨੇ ਕਿਤਾਬ ਦੀ ਵਧਾਈ ਦਿੰਦਿਆਂ ਕਿਹਾ ਕਿ ਉਸ ਨੂੰ ਆਪਣੇ ਡੈਡੀ 'ਤੇ ਬਹੁਤ ਮਾਣ ਹੈ। ਮਨਜੀਤ ਪਲਾਹੀ ਨੇ 'ਰਾਤ ਸ਼ਿਫ਼ਟ ਦੀਆਂ ਨਰਸਾਂ' ਕਵਿਤਾ ਦਾ ਅੰਗਰੇਜ਼ੀ ਵਿੱਚ ਅਨੁਵਾਦ ਪੇਸ਼ ਕੀਤਾ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਜਗਜੀਤ ਨੇ ਆਪਣੇ ਸ਼ਿਅਰਾਂ ਵਿੱਚ ਨਵੇਂ ਰੰਗ ਭਰੇ ਹਨ ਅਤੇ ਸਭ ਤੋਂ ਔਖੀ ਬਹਿਰ ਨੂੰ ਬਾਖੂਬੀ ਨਿਭਾਇਆ ਹੈ। ਸੁਰਜੀਤ ਸਖੀ ਨੇ ਕਿਹਾ ਕਿ ਜਗਜੀਤ ਦੀਆਂ ਗ਼ਜ਼ਲਾਂ ਵਿਚ ਦਿਲਕਸ਼ ਰੰਗ ਹਨ ਤੇ ਉਸ ਦੀਆਂ ਕਵਿਤਾਵਾਂ ਪਾਠਕਾਂ ਨਾਲ਼ ਸੰਵਾਦ ਛੇੜਦੀਆਂ ਹਨ। ਉਸ ਦੇ ਸ਼ਿਅਰ ਪਾਠਕ ਨੂੰ ਨਾਲ਼-ਨਾਲ਼ ਤੋਰ ਲੈਂਦੇ ਹਨ। ਹਰਜਿੰਦਰ ਕੰਗ ਨੇ ਕਿਹਾ ਕਿ ਜਗਜੀਤ ਨੂੰ ਗ਼ਜ਼ਲ ਦੇ ਰੂਪਕ ਪੱਖ ਦੀ ਗਹਿਰੀ ਸਮਝ ਹੈ ਅਤੇ ਉਹ ਇਕ ਪਰਪੱਕ ਸ਼ਾਇਰ ਵਜੋਂ ਸਾਹਮਣੇ ਆਇਆ ਹੈ। ਉਸ ਦੇ ਕਈ ਸ਼ਿਅਰਾਂ ਵਿੱਚ ਰੰਗ-ਇ-ਤਗ਼ਜ਼ਲ ਕਮਾਲ ਦਾ ਹੈ। ਹਰਪ੍ਰੀਤ ਕੌਰ ਧੂਤ ਨੇ ਕੁਝ ਚੋਣਵੇਂ ਸ਼ਿਅਰਾਂ ਦੇ ਹਵਾਲੇ ਨਾਲ ਆਪਣੇ ਵਿਚਾਰ ਰੱਖੇ ਅਤੇ ਜਗਜੀਤ ਦੀ ਸ਼ਬਦ ਦੁਆ ਨੂੰ ਦੁਹਰਾਇਆ ਕਿ 'ਤੇਰੇ ਅੰਦਰੋਂ ਕਦੇ ਨਾ ਸੁੱਕੇ
ਸ਼ਬਦਾਂ ਦਾ ਦਰਿਆ'।

ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਸਾਹਿਤ ਉਹ ਹੈ ਜੋ ਸਾਡੇ ਨਾਲ਼ ਨਾਲ਼ ਜੀਵਨ ਵਿੱਚ ਚਲਦਾ ਹੈ। ਜੀਵਨ ਤੋਂ ਅਲੱਗ ਕੋਈ ਸਾਹਿਤ ਨਹੀਂ ਹੋ ਸਕਦਾ। ਜਗਜੀਤ ਦੀਆਂ ਕਵਿਤਾਵਾਂ ਵੀ ਮਨੁੱਖੀ ਰਿਸ਼ਤਿਆਂ ਅਤੇ ਸਾਡੇ ਸਮਾਜ ਸਨਮੁੱਖ ਮੁਸ਼ਕਿਲਾਂ ਦੁਆਲੇ ਬੁਣੀਆਂ ਹਨ ਤੇ ਇਸੇ ਕਰ ਕੇ ਭਾਵਪੂਰਤ ਹਨ। ਕੁਲਵਿੰਦਰ ਨੇ ਕਿਹਾ ਕਿ ਜਗਜੀਤ ਨੇ ਛੰਦ ਮੁਕਤ ਕਵਿਤਾਵਾਂ ਵਿੱਚ ਆਧੁਨਿਕ ਭਾਵ-ਬੋਧ, ਨਵੇਂ ਬਿੰਬ-ਵਿਧਾਨ ਤੇ ਸਮਕਾਲੀ ਮੁੱਦਿਆਂ ਨੂੰ ਬਾਖੂਬੀ ਚਿੱਤਰਿਆ ਹੈ। ਉਸ ਨੇ ਗੀਤਾਂ ਨੂੰ ਪੁੱਤਾਂ ਵਰਗੇ ਮਜ਼ਬੂਤ ਬਣਾਇਆ ਹੈ ਤੇ ਗ਼ਜ਼ਲਾਂ ਨੂੰ ਧੀਆਂ ਵਰਗੀ ਕੋਮਲਤਾ ਬਖ਼ਸ਼ੀ ਹੈ।

ਚਰਨਜੀਤ ਸਿੰਘ ਪੰਨੂ, ਤਾਰਾ ਸਿੰਘ ਸਾਗਰ, ਸੁਰਿੰਦਰ ਸਿੰਘ ਧਨੋਆ, ਬਲਵਿੰਦਰ ਸਿੰਘ ਧਨੋਆ ਨੇ ਖੂਬਸੂਰਤ ਕਾਵਿ ਰਚਨਾ ਲਈ ਜਗਜੀਤ ਨੂੰ ਵਧਾਈ ਦਿੱਤੀ। ਜਸਵੀਰ ਧੀਮਾਨ ਨੇ ਵਿਪਸਾਅ ਨੂੰ ਸਫ਼ਲ ਪ੍ਰੋਗਰਾਮ ਕਰਵਾਉਣ ਲਈ ਵਧਾਈ ਦਿੱਤੀ। ਵਿਪਸਾਅ ਵੱਲੋਂ ਜਗਜੀਤ ਨੌਸ਼ਹਿਰਵੀ, ਜਸਵੀਰ ਧੀਮਾਨ ਅਤੇ ਉਹਨਾਂ ਦੀ ਪਤਨੀ ਅਤੇ ਹਰਜਿੰਦਰ ਕੰਗ ਦਾ ਸਨਮਾਨ ਕੀਤਾ ਗਿਆ।

ਪ੍ਰੋਗਰਾਮ ਦੌਰਾਨ ਹਰਜਿੰਦਰ ਕੰਗ ਦਾ ਕਾਵਿ ਸੰਗ੍ਰਹਿ 'ਵੇਲ ਰੁਪਏ ਦੀ ਵੇਲ' ਵੀ ਲੋਕ ਅਰਪਣ ਕੀਤਾ ਗਿਆ ਅਤੇ ਇਸ ਬਾਰੇ ਸੰਤੋਖ ਮਿਨਹਾਸ ਦਾ ਲਿਖਿਆ ਰਿਵੀਊ ਅਵਤਾਰ ਗੋਂਦਾਰਾ ਵੱਲੋਂ ਪੜ੍ਹਿਆ ਗਿਆ। ਕਵੀ ਦਰਬਾਰ ਵਿੱਚ ਪ੍ਰਿੰ. ਹਜ਼ੂਰਾ ਸਿੰਘ, ਜਸਵੰਤ ਸ਼ਾਦ, ਚਰਨਜੀਤ ਸਿੰਘ ਗਿੱਲ, ਗੁਰਤੇਜ ਪਰਸਾ ਆਦਿ ਨੇ ਆਪਣੀ ਰਚਨਾਵਾਂ ਸੁਣਾਈਆਂ। ਪ੍ਰਿੰ. ਹਰਨੇਕ ਸਿੰਘ ਨੇ ਮਿੰਨੀ ਕਹਾਣੀ ਪੜ੍ਹੀ। ਹੋਰਨਾਂ ਤੋਂ ਇਲਾਵਾ ਡਾ. ਗੁਰਪ੍ਰੀਤ ਕੌਰ ਹਾਜ਼ਰਾ, ਸੁਰਿੰਦਰ ਕੌਰ ਹਾਜ਼ਰਾ, ਪ੍ਰੋ. ਸੁਖਦੇਵ ਸਿੰਘ, ਵਿਜੇ ਸਿੰਘ, ਅਵਤਾਰ ਲਾਖਾ, ਜੋਤੀ, ਕਮਲ ਸਿੱਧੂ, ਮਹਿੰਗਾ ਸਿੰਘ ਸਰਪੰਚ, ਸੋਨੂੰ ਸਾਹਿਲ, ਰਿੰਮੀ ਸੰਧੂ ਵੀ ਵਿਚਾਰ ਗੋਸ਼ਟੀ ਵਿਚ ਹਾਜਰ ਸਨ। ਪ੍ਰੋਗਰਾਮ ਦਾ ਸੰਚਾਲਨ ਲਾਜ ਨੀਲਮ ਸੈਣੀ ਨੇ ਬਾਖੂਬੀ ਕੀਤਾ।

## 'ਲਾਇਨਜ ਕਲੱਬ ਕੋਟਕਪੂਰਾ ਰਾਇਲ' ਵੱਲੋਂ ਸੇਵਾ ਕਾਰਜਾਂ ਦੇ ਅਨੇਕਾਂ ਮਤੇ ਪਾਸ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 25 ਜੁਲਾਈ: ਲਾਇਨਜ ਕਲੱਬ ਕੋਟਕਪੂਰਾ ਰਾਇਲ ਦੇ ਪ੍ਰਧਾਨ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਬੀ.ਓ.ਡੀ. ਮੈਂਬਰਾਂ ਦੀ ਜੇ.ਕੇ. ਟਾਇਰਜ਼ ਨੇੜੇ ਬਾਬਾ ਦਿਆਲ ਸਿੰਘ ਤਿੰਨਕੌਣੀ ਚੌਂਕ, ਕੋਟਕਪੂਰਾ ਵਿਖੇ ਅਮਰਦੀਪ ਸਿੰਘ ਮੀਤਾ ਮੱਕੜ ਦੇ ਦਫ਼ਤਰ ਵਿੱਚ ਹੋਈ ਮੀਟਿੰਗ ਦੌਰਾਨ ਹਾਜਰ ਮੈਂਬਰਾਂ ਨੇ ਸਰਬਸੰਮਤੀ ਨਾਲ ਕੁਝ ਮਤੇ ਪਾਸ ਕੀਤੇ। ਪੀ.ਆਰ.ਓ. ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਮੁਤਾਬਿਕ ਕਲੱਬ ਮੈਂਬਰਾਂ ਨੇ ਸਰਬਸੰਮਤੀ ਨਾਲ ਇਲਾਕੇ 'ਚ ਫ਼ਲਦਾਰ, ਫੁੱਲਦਾਰ ਅਤੇ ਛਾਂਦਾਰ ਬੂਟੇ ਲਾ ਕੇ ਉਹਨਾਂ ਦੀ ਸੰਭਾਲ ਕਰਨ ਦਾ ਮਤਾ ਪਾਸ ਕੀਤਾ ਗਿਆ। ਇਸ ਤੋਂ ਇਲਾਵਾ ਗਊਸ਼ਾਲਾ ਵਿੱਚ ਗਊਆਂ ਨੂੰ ਹਰਾ ਚਾਰਾ ਅਤੇ ਗੁੜ ਦੀ ਸੇਵਾ, ਹਰ ਸਾਲ ਦੀ ਤਰ੍ਹਾਂ ਕਲੱਬ ਵੱਲੋਂ ਕਿਸੇ ਸਰਕਾਰੀ ਸਕੂਲ ਨੂੰ ਗੋਦ ਲੈਣ ਵਰਗੇ ਮਤੇ ਵੀ ਪਾਸ ਕੀਤੇ ਗਏ। ਭੁਪਿੰਦਰ ਸਿੰਘ ਅਤੇ ਮਨਜੀਤ ਸਿੰਘ ਲਵਲੀ ਨੇ ਦੱਸਿਆ ਕਿ ਉਕਤ ਪ੍ਰੋਜੈਕਟਾਂ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ। ਡਾ. ਸੁਨੀਲ ਛਾਬੜਾ ਅਤੇ ਇੰਸਪੈਕਟਰ ਨਛੱਤਰ ਸਿੰਘ ਨੇ ਦੱਸਿਆ ਕਿ ਪੀ.ਆਰ.ਓ. ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਵੱਲੋਂ ਕਲੱਬ ਦੀ ਰਿਪੋਰਟ ਪੇਸ਼ ਕੀਤੀ ਗਈ। ਇਸ ਮੌਕੇ ਨਵੇਂ ਸਾਲ 'ਚ ਸਮਾਜਸੇਵਾ ਦੇ ਕਾਰਜਾਂ ਵਿੱਚ ਤੇਜੀ ਲਿਆਉਣ ਬਾਰੇ ਵੀ ਵਿਚਾਰ ਚਰਚਾ ਹੋਈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਅਸ਼ੋਕ ਕੁਮਾਰ ਅਤੇ ਬੀਰਇੰਦਰ ਪਾਲ ਸ਼ਰਮਾ ਸਮੇਤ ਹੋਰ ਅਨੇਕਾਂ ਮੈਂਬਰ ਅਤੇ ਪਤਵੰਤੇ ਵੀ ਹਾਜਰ ਸਨ।

## "ਜਾਗੋ ਇੰਟਰਨੈਸ਼ਨਲ" ਪੂਰਾ ਸੱਚ ਸਾਹਮਣੇ ਲਿਆਉਣ ਵਿੱਚ ਵਡਮੁੱਲਾ ਯੋਗਦਾਨ ਪਾ ਰਿਹਾ ਹੈ:-ਡਾ. ਸਵਰਾਜ ਸਿੰਘ

ਵਰਲਡ ਪੰਜਾਬੀ ਟਾਈਮਜ਼
ਗੁਰਨਾਮ ਸਿੰਘ




ਪਟਿਆਲਾ 25 ਜੁਲਾਈ : ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ.) ਵੱਲੋਂ ਪ੍ਰਕਾਸ਼ਿਤ ਡਾ. ਭਗਵੰਤ ਸਿੰਘ ਸੰਪਾਦਨਾ ਹੇਠ "ਜਾਗੋ ਇੰਟਰਨੈਸ਼ਨਲ" ਤ੍ਰੈਮਾਸਿਕ ਪਿਛਲੇ ਸਤਾਰਾਂ ਸਾਲਾਂ ਤੋਂ ਨਿਰੰਤਰ ਯੋਗਦਾਨ ਪਾ ਰਿਹਾ ਹੈ। ਇਸ ਦੇ ਨਵੇਂ ਅੰਕ 97-100 ਵਿੱਚ ਬੋਬੀ ਹੰਸ ਦਾ ਪ੍ਰਵਾਸ ਬਾਰੇ, ਗੁਰਪ੍ਰੀਤ ਸਿੰਘ ਤੂਰ ਦਾ ਜਮੀਨ ਬਾਰੇ ਅਤੇ ਅਦਿ੍ਤਆ ਬਹਿਲ ਦਾ ਹਰੇ ਇਨਕਲਾਬ ਦੇ ਬਾਰੇ, ਗੁਰਤੇਜ ਸਿੰਘ ਦੇ ਪੰਜਾਬ ਦੀ ਸਥਿਤੀ ਬਾਰੇ, ਵਰਿਆਮ ਸਿੰਘ ਸੰਧੂ ਦੇ ਹੁਬਾਨ ਦੀ ਕੀਮਤੀ, ਸੰਧੂ ਵਰਿਆਣਵੀ ਦਾ ਸੂਫੀਆਨਾ ਰਹੱਸ ਅਨਭੂਤੀ ਬਾਰੇ ਲੇਖ ਅਤੇ ਸੰਪਾਦਕੀ ਕੋਸ਼ਕਾਰੀ ਬਾਰੇ, ਅਮਰਜੀਤ ਸਿੰਘ ਧਵਨ ਦਾ ਮਹਾਨ ਕੋਸ਼ ਬਾਰੇ ਨਵੇਂ ਸੰਵਾਦ ਛੇੜਨ ਵਾਲੀਆਂ ਰਚਨਾਵਾਂ ਹਨ। ਇਸ ਤੋਂ ਇਲਾਵਾ ਅਨੇਕਾਂ ਨਵੀਆਂ ਤੇ ਮੌਲਿਕ ਰਚਨਾਵਾਂ ਪਹਿਲੀ ਵਾਰ ਪੇਸ਼ ਹੋ ਰਹੀਆਂ ਹਨ। ਪ੍ਰੋਫੈਸਰ ਸ਼ੇਰ ਸਿੰਘ ਕੰਵਲ ਦੀਆਂ ਕਾਵਿ-ਰਚਨਾਵਾਂ ਧਿਆਨ ਖਿੱਚਦੀਆਂ ਹਨ। ਇਸ ਅੰਕ ਨੂੰ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਲੋਕ ਅਰਪਣ ਕਰਦੇ ਹੋਏ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਕਿਹਾ ਕਿ "ਜਾਗੋ ਇੰਟਰਨੈਸ਼ਨਲ" ਦੀ ਭੂਮਿਕਾ ਦੇ ਸੰਦਰਭ ਵਿੱਚ ਗੱਲਬਾਤ ਕਰਦਿਆਂ ਡਾ. ਸਵਰਾਜ ਸਿੰਘ ਨੇ ਕਿਹਾ ਕਿ ਝੂਠਾ ਬਿਰਤਾਂਤ ਅਤੇ ਅਧੂਰਾ ਸੱਚ ਤੋੜ ਕੇ ਸਹੀ ਤਸਵੀਰ ਪੇਸ਼ ਕਰਨਾ ਬੁੱਧੀਜੀਵੀਆਂ ਦਾ



ਫਰਜ਼ ਹੈ। ਪਹਿਲਾਂ ਪੰਜਾਬ ਵਿੱਚ ਇਹ ਝੂਠ ਬਿਰਤਾਂਤ ਪੇਸ਼ ਕੀਤਾ ਗਿਆ ਕਿ ਹਰੇ ਇਨਕਲਾਬ ਨੇ ਪੰਜਾਬ ਨੂੰ ਬਹੁਤ ਫਾਇਦਾ ਕੀਤਾ ਹੈ। ਪੰਜਾਬ ਦੇ ਅਖੌਤੀ ਬੁੱਧੀਜੀਵੀਆਂ ਨੇ ਨਾ ਸਿਰਫ਼ ਇਸ ਝੂਠੇ ਬਿਰਤਾਂਤ ਨੂੰ ਤੋਰਿਆ ਸਗੋਂ ਇਸ ਦਾ ਪ੍ਰਚਾਰ ਕੀਤਾ, ਪ੍ਰੰਤੂ ਹੁਣ ਲੋਕਾਂ ਨੂੰ ਹਰੇ ਇਨਕਲਾਬ ਦੀ ਸਚਾਈ ਦਾ ਪਤਾ ਲੱਗ ਗਿਆ ਹੈ ਕਿ ਉਸਨੇ ਪੰਜਾਬ ਦਾ ਕਿੰਨਾ ਕੁ ਨੁਕਸਾਨ ਕੀਤਾ ਹੈ। ਅੱਜ ਪਰਵਾਸ ਬਾਰੇ ਝੂਠਾ ਬਿਰਤਾਂਤ ਅਤੇ ਅਧੂਰਾ ਸੱਚ ਪੇਸ਼ ਕੀਤਾ ਜਾ ਰਿਹਾ ਹੈ। ਇਹ ਕਿਹਾ ਜਾ ਰਿਹਾ ਹੈ ਕਿ ਅਜੋਕਾ ਪਰਵਾਸ ਪੰਜਾਬ ਅਤੇ ਪੰਜਾਬੀਆਂ ਦਾ ਬਹੁਤ ਫਾਇਦਾ ਕਰ ਰਿਹਾ ਹੈ। ਸਾਡੇ ਕਈ ਅਖੌਤੀ ਬੁੱਧੀਜੀਵੀ ਵੀ ਇਸ ਝੂਠੇ ਪ੍ਰਚਾਰ ਦਾ ਨਾ ਸਿਰਫ਼ ਸ਼ਿਕਾਰ ਬਣੇ ਸਗੋਂ ਇਸ ਪ੍ਰਚਾਰ ਵਿੱਚ ਭਾਗੀਦਾਰ ਬਣੇ। ਜਿੱਥੇ ਕੁੱਝ ਪਰਵਾਸੀਆਂ ਨੇ ਆਪਣੀ ਆਰਥਿਕ ਸਥਿਤੀ ਸੁਧਾਰੀ ਹੈ ਉੱਥੇ ਪਰਵਾਸ ਨੇ ਪਰਿਵਾਰਿਕ ਰਿਸ਼ਤਿਆਂ, ਸਭਿਆਚਾਰ ਅਤੇ ਕਦਰਾਂ ਕੀਮਤਾਂ ਦਾ ਘਾਣ ਕੀਤਾ ਹੈ। ਲੰਬੇ ਸਮੇਂ ਵਿੱਚ ਬਹੁਤ ਸਾਰੇ ਪਰਵਾਸੀ ਜੋ ਕਿ ਆਪਣੇ ਜੀਵਨ ਦਾ ਲੇਖਾ ਜੋਖਾ ਕਰਦੇ ਹਨ ਤਾਂ ਉਨ੍ਹਾਂ ਨੂੰ ਪਰਵਾਸ ਘਾਟੇ ਦਾ ਸੌਦਾ ਨਜ਼ਰ ਆਉਂਦਾ ਹੈ। ਇਸ ਝੂਠੇ ਬਿਰਤਾਂਤ ਅਤੇ ਅਧੂਰੇ ਸੱਚ ਨੂੰ ਤੋੜਨ ਦੀ ਲੋੜ ਹੈ ਕਿ ਪੰਜਾਬ ਨਰਕ ਹੈ ਅਤੇ ਵਿਦੇਸ਼ਾਂ ਵਿੱਚ ਸਵਰਗ ਹੈ। ਸੱਚ ਤਾਂ ਇਹ ਹੈ ਕਿ ਪੰਜਾਬ ਵਿੱਚ ਕੁੱਝ ਚੰਗਾ ਅਤੇ ਕੁਝ ਮਾੜਾ ਹੈ। ਇਸੇ ਤਰ੍ਹਾਂ ਵਿਦੇਸ਼ਾਂ ਵਿੱਚ ਵੀ ਕੁੱਝ ਚੰਗਾ ਅਤੇ ਕੁਝ ਮਾੜਾ ਹੈ। ਜੇ ਪੰਜਾਬੀ ਪੂਰਾ ਸੱਚ ਜਾਣ ਕੇ ਪਰਵਾਸ ਬਾਰੇ ਫੈਸਲਾ ਕਰਨ ਤਾਂ ਉਹ ਜ਼ਿਆਦਾ ਸੰਤੁਲਿਤ ਫੈਸਲਾ ਹੋਏਗਾ। ਜਾਗੋ ਇੰਟਰਨੈਸ਼ਨਲ ਪੂਰਾ ਸੱਚ ਪੰਜਾਬੀਆਂ ਦੇ ਸਾਹਮਣੇ ਲਿਆਉਣ ਵਿੱਚ ਵੱਡਮੁੱਲਾ ਯੋਗਦਾਨ ਪਾ ਰਿਹਾ ਹੈ। ਇਸ ਅਵਸਰ ਤੇ ਸ. ਜਗਦੀਪ ਸਿੰਘ ਗੰਧਾਰਾ ਐਡਵੋਕੇਟ, ਡਾ. ਤੇਜਵੰਤ ਸਿੰਘ ਮਾਨ ਸਾਹਿਤ ਰਤਨ, ਗੁਰਨਾਮ ਸਿੰਘ, ਚਰਨਜੀਤ ਸਿੰਘ, ਸੰਦੀਪ ਸਿੰਘ ਆਦਿ ਅਨੇਕਾਂ ਸਾਹਿਤਕਾਰ ਮੌਜੂਦ ਸਨ।

## ਪਾਗਲ ਕੌਣ.....?

ਵਰਲਡ ਪੰਜਾਬੀ ਟਾਈਮਜ਼
ਸੰਦੀਪ ਦਿਉੜਾ

ਗੱਲ ਉਹਨਾਂ ਸਮਿਆਂ ਦੀ ਹੈ ਜਦੋਂ ਆਉਣ ਜਾਣ ਲਈ ਅੱਜਕੱਲ੍ਹ ਦੇ ਵਾਂਗ ਨਾ ਤਾਂ ਬਹੁਤੇ ਸਾਧਨ ਹੀ ਸੀ ਤੇ ਨਾ ਹੀ ਲੋਕਾਂ ਕੋਲ ਬਹੁਤਾ ਪੈਸਾ ਟਕਾ ਹੁੰਦਾ ਸੀ। ਦੋ ਮਹੀਨੇ ਪਹਿਲਾਂ ਹੀ ਮੰਗਤ ਰਾਮ ਦਾ ਵਿਆਹ ਰਾਜ ਰਾਣੀ ਨਾਲ ਹੋਇਆਂ ਸੀ।ਉਸਨੂੰ ਦਹੇਜ਼ ਦੇ ਵਿੱਚ ਇੱਕ ਰੇਡੀਓ ਤੇ ਸਾਇਕਲ ਮਿਲਿਆ ਸੀ।ਉਸ ਸਮੇਂ ਦਾ ਸਾਇਕਲ ਅੱਜ ਦੀ ਕਾਰ ਤੋਂ ਘੱਟ ਨਹੀਂ ਸੀ। ਹੁਣ ਮੰਗਤ ਰਾਮ ਨੇ ਕਿਤੇ ਵੀ ਜਾਣਾ ਹੁੰਦਾ ਆਪਣੇ ਸਾਇਕਲ ਉੱਤੇ ਹੀ ਜਾਂਦਾ। ਅੱਜ ਮੰਗਤ ਰਾਮ ਨੇ ਆਪਣੀ ਪਤਨੀ ਦੇ ਨਾਲ ਆਪਣੇ ਸਹੁਰੀ ਜਾਣਾ ਸੀ। ਉਸਨੇ ਸਵੇਰੇ ਹੀ ਸਾਇਕਲ ਦੀ ਹਵਾ ਚੈੱਕ ਕੀਤੀ ਤੇ ਫੇਰ ਕੱਪੜਾ ਮਾਰ ਕੇ ਸਾਇਕਲ ਨੂੰ ਚਮਕਾ ਲਿਆ।ਰਸਤੇ ਵਿੱਚ ਦੋਵੇਂ ਪਤੀ -ਪਤਨੀ ਗੱਲਾਂ ਕਰਦੇ ਜਾ ਰਹੇ ਸਨ।

"ਮੈ ਕਿਹਾ ਜੀ ਇੱਕ ਗੱਲ ਪੁੱਛਾਂ।"

"ਇੱਕ ਕਿਉ ਕਿੰਨੀਆਂ ਮਰਜ਼ੀ ਪੁੱਛ। "

"ਤੁਹਾਡੇ ਮੇਰੇ ਬਿਨਾਂ ਇਕੱਲੇ ਦਿਲ ਲੱਗ ਜਾਵੇਗਾ। "

"ਯਾਰ ਮੇਰਾ ਪਹਿਲਾਂ ਹੀ ਦਿਲ ਤੈਨੂੰ ਛੱਡ ਕੇ ਆਉਣ ਨੂੰ ਨਹੀਂ ਕਰਦਾ ਤੇ ਅੱਗੋਂ ਤੂੰ ਗੱਲਾਂ ਵੀ ਇਹੋਂ ਜੇਹੀਆਂ ਕਰ ਰਹੀ ਹੈ। "

"ਚਲੋ ਇਹ ਦੱਸੋਂ ਕਿ ਤੁਸੀਂ ਮੈਨੂੰ ਲੈਣ ਕਿੰਨੇ ਦਿਨਾਂ ਬਾਅਦ ਆਵੋਂਗੇ। "

"ਅਗਲੇ ਹਫ਼ਤੇ ਆਇਆਂ ਲੈ, ਬਸ ਤੂੰ ਐਵੇਂ ਡਰਾਮਾ ਜਿਹਾ ਨਾ ਕਰੀਂ। "

" ਲਉ ਜੀ ਭਲਾ ਮੈਂ ਕੀ ਡਰਾਮਾ ਕਰਨਾ,ਮੈਂ ਤਾਂ ਤੁਹਾਨੂੰ ਤਿਆਰ ਹੀ ਮਿਲਣਾ ਹੈ। "ਉਹ ਗੱਲਾਂ ਕਰਦੇ ਕਰਦੇ ਕਦੋਂ ਸਹੁਰੇ ਪਿੰਡ ਪਹੁੰਚ ਗਿਆ ਪਤਾ ਹੀ ਨਹੀਂ ਲੱਗਿਆਂ।

"ਚੰਗਾ ਜੀ ਫ਼ੇਰ ਰਾਜ ਮੈਂ ਚੱਲਦਾ ਹਾਂ।" ਦੁਪਿਹਰ ਵੇਲੇ ਵਾਪਸ ਆਉਣ ਲੱਗੇ ਮੰਗਤ ਰਾਮ ਨੇ ਇਜਾਜ਼ਤ ਲਈ ਤੇ ਆਪਣੇ ਪਿੰਡ ਵੱਲ ਚੱਲ ਪਿਆ।ਰਾਜ ਰਾਣੀ ਨੂੰ ਪੇਕੇ ਛੱਡ ਕੇ ਆਏ ਮੰਗਤ ਰਾਮ ਨੂੰ ਇੱਕ ਹਫਤਾ ਤਾਂ ਕੀ ਦੋ ਮਹੀਨੇ ਬੀਤ ਗਏ ਪਰ ਉਹ ਉਸਨੂੰ ਵਾਪਸ ਲੈਣ ਲਈ ਨਹੀਂ ਗਿਆ। ਰਾਜ ਰਾਣੀ ਦੇ ਪਿੰਡ ਵਿੱਚ ਵੀ ਗੱਲਾਂ ਹੋਣ ਲੱਗ ਪਈਆਂ, ਕੋਈ ਰਾਜ ਰਾਣੀ ਨੂੰ ਮਾੜਾ ਆਖ ਰਿਹਾ ਸੀ ਤੇ ਕੋਈ ਉਸਦੇ ਸਹੁਰਿਆਂ ਨੂੰ ਪਰ ਵਿੱਚ ਅਸਲ ਗੱਲ ਕੀ ਸੀ ਪਤਾ ਨਹੀਂ ਲੱਗ ਰਹੀ ਸੀ। ਉਸਦੇ ਮਾਪਿਆਂ ਨੇ ਉਸ ਨੂੰ ਵੀ ਪੁੱਛਿਆ ਪਰ ਕੋਈ ਵੀ ਸੰਤੁਸ਼ਟੀ ਪੂਰਨ ਜਵਾਬ ਨਹੀਂ ਸੀ।

ਅੰਤ ਨੂੰ ਹਾਰ ਕੇ ਉਹ ਪਿੰਡ ਦੀ ਪੰਚਾਇਤ ਨੂੰ ਨਾਲ ਲੈ ਕੇ ਮੰਗਤ ਰਾਮ ਦੇ ਘਰ ਪਹੁੰਚ ਗਏ।

"ਕਾਕਾ ਸਾਡੀ ਕੁੜੀ ਕੋਲੋਂ ਕੋਈ ਗਲਤੀ ਹੋਈ ਹੈ ਤਾਂ ਦੱਸ ਪਰ ਬਿਨਾਂ ਕਿਸੇ ਗੱਲ ਦੇ ਇਹ ਸਭ ਠੀਕ ਨਹੀਂ ਲੱਗਦਾ। "

"ਠੀਕ ਨਹੀਂ ਲੱਗਦਾ ਕੀ ਠੀਕ ਨਹੀਂ ਲੱਗਦਾ,ਤੁਸੀਂ ਸਾਇਕਲ ਤੇ ਰੇਡੀਓ ਦਾ ਲਾਲਚ ਦੇ ਕੇ ਆਪਣੀ ਪਾਗਲ ਕੁੜੀ ਸਾਡੇ ਪੱਲ੍ਹੇ ਬਣ ਦਿੱਤੀ ਹੈ ਜੀ। "ਮੰਗਤ ਰਾਮ ਦੇ ਪਿਤਾ ਨੇ ਜਵਾਬ ਦਿੱਤਾ।

" ਪਾਗਲ.... ਚੌਧਰੀ ਸਾਹਿਬ ਤੁਸੀਂ ਇਹ ਕੀ ਬੋਲ ਰਹੇ ਹੋ। "

" ਪੁੱਛ ਤਾਂ ਇੰਝ ਰਹੇ ਹੋ ਜਿਵੇਂ ਤੁਸੀਂ ਤਾਂ ਕੁਝ ਜਾਣਦੇ ਹੀ ਨਹੀਂ ਹੋ। "

"ਚੌਧਰੀ ਸਾਹਿਬ ਸੱਚਮੁੱਚ ਅਸੀਂ ਕੁਝ ਵੀ ਨਹੀਂ ਜਾਣਦੇ ਤੁਸੀਂ ਆਪ ਹੀ ਦੱਸ ਦਿਉਂ।"

"ਮੰਗਤ ਦੱਸ ਪੁੱਤਰ ਸਾਰੀ ਗੱਲ ਦੱਸ ਜਿਹੜੀ ਰਸਤੇ ਵਿੱਚ ਹੋਈ ਹੈ।"

"ਹਾਂ ਜੀ ਭਾਪਾ ਜੀ ਹਾਂ ਜੀ ਹੁਣੇ ਦੱਸਦਾ ਹਾਂ ਜੀ। "

"ਹਾਂ ਹਾਂ ਕਾਕਾ ਦੱਸ ਸਾਨੂੰ ਵੀ ਤਾਂ ਪਤਾ ਚੱਲੇ ਆਖਿਰ ਗੱਲ ਕੀ ਹੈ। " ਵਿੱਚੋਂ ਇੱਕ ਬਜ਼ੁਰਗ ਬੋਲਿਆਂ।

"ਰਸਤੇ ਵਿੱਚ ਉਸਨੇ ਮੈਨੂੰ ਤਿੰਨ ਸਵਾਲ ਪੁੱਛੇ ਜਿੰਨਾ ਤੋਂ ਸਾਬਿਤ ਹੋ ਗਿਆ ਕਿ ਰਾਜ ਪੂਰੀ ਤਰ੍ਹਾਂ ਪਾਗਲ ਹੈ। ਜਦੋਂ ਮੈਂ ਤੁਹਾਨੂੰ ਦੱਸੇ ਤਾਂ ਤੁਸੀਂ ਆਪ ਹੀ ਮੰਨ ਲੈਣਾ ਹੈ ਕਿ ਤੁਸੀਂ ਸਾਡੇ ਨਾਲ ਧੋਖਾ ਕੀਤਾ ਹੈ। "

"ਕਾਕਾ ਪਹਿਲਾਂ ਸਵਾਲ ਤਾਂ ਦੱਸ। "

" ਬਾਹਲੇ ਕਾਹਲੇ ਹੋ ਤਾਂ ਸੁਣੋ।ਇੱਕ ਖੇਤ ਵਿੱਚ ਕਿਸਾਨ ਆਪਣੇ ਖੇਤ ਵਿੱਚ ਕੰਮ ਕਰ ਰਿਹਾ ਸੀ ਤੇ ਨਾਲ ਨਾਲ ਉਹ ਇੱਕ ਬੰਦੇ ਨਾਲ ਗੱਲਾਂ ਕਰ ਰਿਹਾ ਸੀ। ਰਾਜ ਦਾ ਸਵਾਲ ਸੀ ਕਿ ਇਹ ਮਰਦ ਹੈ ਕਿ ਔਰਤ, ਥੋੜ੍ਹੀ ਦੂਰ ਅੱਗੇ ਗਏ ਤਾਂ ਲੋਕ ਆਪਣੀ ਪੱਕੀ ਫ਼ਸਲ ਕੱਟ ਰਹੇ ਸਨ।

ਰਾਜ ਨੇ ਮੈਨੂੰ ਪੁੱਛਿਆ ਇਹਨਾਂ ਨੇ ਫ਼ਸਲ ਬਚਾ ਲਈ ਹੈ ਜਾਂ ਖਾਹ ਲਈ, ਹੋਰ ਅੱਗੇ ਗਏ ਤਾਂ ਇੱਕ ਅਰਥੀ ਆ ਰਹੀ ਸੀ ਤੇ ਇਸਦਾ ਸਵਾਲ ਸੀ ਕਿ ਇਹ ਬੰਦਾ ਮਰ ਗਿਆ ਹੈ ਜਾਂ ਜਿਉਂਦਾ ਹੈ। ਹੁਣ ਤੁਸੀਂ ਹੀ ਦੱਸੋਂ ਇਹ ਕੋਈ ਸਿਆਣਾ ਬੰਦਾ ਸਵਾਲ ਪੁੱਛ ਸਕਦਾ ਹੈ। ਜਦੋਂ ਸਾਨੂੰ ਦਿੱਖ ਹੀ ਰਿਹਾ ਹੈ ਕਿ ਪਹਿਲਾਂ ਕੰਮ ਕਰਨ ਵਾਲਾ ਬੰਦਾ ਹੈ, ਦੂਜਾ ਜਿਹੜੇ ਫ਼ਸਲ ਕੱਟ ਰਹੇ ਹਨ ਉਹ ਖਾਹ ਕਿਵੇਂ ਗਏ ਹੋਣਗੇ ਤੇ ਤੀਜਾ ਅਰਥੀ ਵਿੱਚ ਜਿਉਂਦਾ ਬੰਦਾ ਕਿਵੇਂ ਹੋ ਸਕਦਾ ਹੈ। "

"ਕਾਕਾ ਸਾਡੀ ਕੁੜੀ ਤਾਂ ਬਹੁਤ ਹੀ ਸਿਆਣੀ ਹੈ ਪਰ ਸਾਨੂੰ ਇਹ ਨਹੀਂ ਪਤਾ ਸੀ ਕਿ ਅਸੀਂ ਆਪਣੀ ਕੁੜੀ ਇੱਕ ਪਾਗਲ ਦੇ ਨਾਲ ਵਿਆਹ ਰਹੇ ਹਾਂ।"

"ਚੌਧਰੀ ਸਾਹਿਬ ਤੁਸੀਂ ਵੀ ਕਮਾਲ ਕਰੀਂ ਜਾ ਰਹੇ ਹੋ। ਗੱਲਾਂ ਪਾਗਲਾਂ ਵਾਲੀਆਂ ਤੁਹਾਡੀ ਕੁੜੀ ਕਰਦੀ ਹੈ ਤੇ ਹਾਲੇ ਵੀ ਪਾਗਲ ਮੇਰਾ ਮੁੰਡਾ ਹੈ। "

"ਤਾਂ ਸੁਣੋ ਫੇਰ ਪਹਿਲਾਂ ਸਵਾਲ ਦਾ ਉੱਤਰ ਉਸਨੇ ਪੁੱਛਿਆ ਇਹ ਮਰਦ ਹੈ ਕਿ ਔਰਤ, ਕਿਉਂਕਿ ਮਰਦ ਕੰਮ ਕਰਦੇ ਸਮੇਂ ਕਦੇ ਵੀ ਕਿਸੇ ਨਾਲ ਗੱਲਾਂ ਨਹੀਂ ਕਰਦੇ ਜਦੋਂ ਕਿ ਔਰਤਾਂ ਗੱਲਾਂ ਤੋਂ ਬਿਨਾਂ ਕੰਮ ਨਹੀਂ ਕਰਦੀਆਂ। ਦੂਜਾ ਸਵਾਲ ਸੀ ਕਿ ਬਚਾਈ ਹੈ ਜਾਂ ਖਾਹ ਲਈ। ਜੇਕਰ ਉਨ੍ਹਾਂ ਨੇ ਪਹਿਲਾਂ ਹੀ ਕਰਜ਼ਾ ਚੁੱਕਿਆ ਹੋਇਆਂ ਤਾਂ ਵੱਢਣ ਤੋਂ ਪਹਿਲਾਂ ਹੀ ਫ਼ਸਲ ਖਾਹ ਲਈ ਹੈ ਜੇਕਰ ਸਰਫੇ ਨਾਲ ਚੱਲੇ ਹੋਏ ਤਾਂ ਬਚਾ ਲਈ ਹੈ। ਤੀਸਰਾ ਸਵਾਲ ਅਰਥੀ ਵਾਲਾ ਬੰਦਾ ਮਰਿਆ ਹੈ ਜਾਂ ਜਿਉਂਦਾ। ਜੇਕਰ ਕਿਸੇ ਜਵਾਨ ਦੀ ਅਰਥੀ ਹੈ ਤਾਂ ਉਹ ਮਰ ਗਿਆ ਹੈ ਕਿਉਂਕਿ ਉਸਦਾ ਨਾਂ ਲੈਣ ਵਾਲਾ ਕੋਈ ਨਹੀਂ ਹੋਵੇਗਾ ਪਰ ਜੇਕਰ ਕਿਸੇ ਬਜ਼ੁਰਗ ਦੀ ਅਰਥੀ ਹੈ ਤਾਂ ਉਹ ਆਪਣੇ ਪੁੱਤਰਾਂ ਪੋਤਰਿਆਂ ਦੇ ਰਾਹੀਂ ਜਿਉਂਦਾ ਹੀ ਰਹੇਗਾ। ਹੁਣ ਤੁਸੀਂ ਦੱਸੋਂ ਪਾਗਲ ਕੌਣ ਹੈ। ਸਾਡੀ ਧੀ ਜਾਂ ਤੁਹਾਡਾ ਮੁੰਡਾ। "

ਉਹਨਾਂ ਨੂੰ ਕੋਈ ਜਵਾਬ ਸਮਝ ਨਹੀਂ ਆ ਰਿਹਾ ਸੀ। ਮੰਗਤ ਰਾਮ ਨੇ ਮੁਆਫ਼ੀ ਮੰਗੀ ਤੇ ਰਾਜ ਨੂੰ ਵਾਪਸ ਲੈ ਆਇਆਂ।

## ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮ ਵੇਦ

ਕਾਮਾਗਾਟਾ ਮਾਰੂ ਜਹਾਜ਼ : ਆਜ਼ਾਦੀ ਦੇ ਇਤਿਹਾਸ ਵਿੱਚ ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਬਹੁਤ ਅਹਿਮੀਅਤ ਰੱਖਦੀ ਹੈ।ਕੈਨੇਡਾ ਵਿੱਚ ਪੰਜਾਬੀ ਹਿੰਦੀਆਂ ਦੀ ਵੱਧਦੀ ਗਿਣਤੀ ਨੂੰ ਰੋਕਣ ਲਈ ਉਥੋਂ ਦੀ ਸਰਕਾਰ ਨੇ 9-5-1907 ਨੂੰ ਐਲਾਨ ਕੀਤਾ ਕਿ ਕਨੈਡਾ ਵਿੱਚ ਉਹੋ ਹੀ ਦਾਖਲ ਹੋਵੇਗਾ ਜੋ ਭਾਰਤ ਤੋਂ ਸਿੱਧੀ ਟਿਕਟ ਅਤੇ 200 ਡਾਲਰ (600 ਰੁਪਏ) ਲੈ ਕੇ ਆਵੇਗਾ।ਉਹ ਜਾਣਦੇ ਸਨ ਕਿ ਭਾਰਤ ਤੋਂ ਕੋਈ ਸਿੱਧਾ ਜਹਾਜ਼ ਕਨੈਡਾ ਨਹੀਂ ਆਉਂਦਾ,ਬਾਬਾ ਗੁਰਦਿੱਤ ਸਿੰਘ ਜੋ ਸਰਹਾਲੀ (ਜਿਲਾ ਤਰਨ ਤਾਰਨ) ਦੇ ਸਨ ਉਸ ਸਮੇਂ ਮਲੇਸ਼ੀਆ ਵਿੱਚ ਵਪਾਰ ਦਾ ਕੰਮ ਕਰਦੇ ਸਨ ਉਨਾਂ ਨੇ ਜਪਾਨੀ ਕੰਪਨੀ ਕੋਲੋਂ 19 ਮਾਰਚ 1914 ਨੂੰ ਐਸ ਐਸ ਕਾਮਾਗਾਟਾ ਮਾਰੂ ਜਹਾਜ ਛੇ ਮਹੀਨੇ ਲਈ 11000 ਡਾਲਰ ਪ੍ਰਤੀ



ਮਹੀਨੇ ਦੇ ਹਿਸਾਬ ਨਾਲ ਪਟੇ ਤੇ ਲੈ ਕੇ 500 ਯਾਤਰੀਆਂ ਸਮੇਤ ਕੋਲਾ ਲੱਦ ਕੇ ਵਪਾਰ ਕਰਨ ਲਈ ਤੁਰਨ ਲੱਗੇ ਤਾਂ ਸਰਕਾਰ ਨੇ ਬਾਬਾ ਜੀ ਨੂੰ ਝੂਠੇ ਕੇਸ 'ਚ 25-3- 1914 ਨੂੰ ਗਿਰਫਤਾਰ ਕਰ ਲਿਆ ਇਸ ਸਮੇਂ ਪੈਦਾ ਹੋਈ ਹਫੜਾ ਦਫੜੀ ਕਰਕੇ ਬਹੁਤੇ ਮੁਸਾਫਰ ਖਿਸਕ ਗਏ ਅਤੇ ਸਿਰਫ 135 ਮੁਸਾਫਰ ਰਹਿ ਗਏ।ਦੁਬਾਰਾ ਗਵਰਨਰ ਦੀ ਮਨਜ਼ੂਰੀ ਮਿਲਣ ਤੇ ਜਹਾਜ਼ ਵੱਖ ਵੱਖ ਬੰਦਰਗਾਹਾਂ ਤੋਂ ਕੁਲ 376 ਯਾਤਰੀ ਲੈ ਕੇ 4-4-1914 ਨੂੰ ਕਨੈਡਾ ਲਈ ਰਵਾਨਾ ਹੋਇਆ।17 ਅਪ੍ਰੈਲ ਨੂੰ ਖਾਲਸਾ ਦੀਵਾਨ ਸ਼ੰਘਾਈ ਦੀ ਮੀਟਿੰਗ ਵਿੱਚ ਭਾਰਤ ਦੇ ਵਾਇਸਰਾਏ ਨੂੰ ਬੇਨਤੀ ਕੀਤੀ ਗਈ ਕਿ ਕਾਮਾਗਾਟਾ ਮਾਰੂ ਜਹਾਜ ਦੇ ਮੁਸਾਫਰਾਂ ਨੂੰ ਉਤਰਨ ਦੀ ਆਗਿਆ ਦੇਣ ਵਾਸਤੇ ਉਥੋਂ ਦੀ ਸਰਕਾਰ ਨੂੰ ਸਲਾਹ ਦਿੱਤੀ ਜਾਵੇ।1 ਮਈ 1914 ਨੂੰ ਉਸਨੇ ਉੱਤਰ ਦਿਤਾ ਕਿ ਕਨੈਡਾ ਦੇ ਕਾਨੂੰਨਾਂ ਮੁਤਾਬਿਕ ਉਹ ਇਸ ਬਾਰੇ ਕੋਈ ਵੀ ਸਹਾਇਤਾ ਕਰਨ ਤੋਂ ਅਸਮਰਥ ਹੈ।ਕੁਝ ਹੋਰ ਸੰਸਥਾਵਾਂ ਲੰਡਨ ਆਲ ਇੰਡੀਆ ਮੁਸਲਿਮ ਲੀਗ ਅਤੇ ਹਾਂਗਕਾਂਗ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਨੇ ਵੀ ਮੁਸਾਫਰਾਂ ਦੇ ਹੱਕ ਵਿਚ ਨਾਅਰਾ ਮਾਰਿਆ।22-23 ਮਈ ਨੂੰ ਕਨੈਡਾ ਦੀ ਬੰਦਰਗਾਹ ਵੈਨਾਕੂਵਰ ਤੋਂ ਪਿਛੇ ਵਾਪਸ ਭੇਜਣ ਵਾਸਤੇ ਰੋਕ ਦਿਤਾ ਗਿਆ।ਜਹਾਜ ਵਿੱਚ ਗਿਣਤੀ ਦੇ ਦਿਨਾਂ ਦਾ ਰੱਖਿਆ ਰਾਸ਼ਨ ਖਤਮ ਹੋ ਗਿਆ।ਦੋ ਮਹੀਨੇ ਖਜਲ ਖਰਾਬ ਕਰਨ ਤੇ ਜਹਾਜ਼ ਨੂੰ ਵਾਪਸ ਮੋੜਨ ਲਈ ਰੇਨਬੋ ਜੰਗੀ ਜਹਾਜ਼ ਨੇ ਹਥਿਆਰਾਂ ਸਮੇਤ 21 ਜੁਲਾਈ ਨੂੰ ਘੇਰਾ ਪਾਕੇ ਬੰਦੂਕਾਂ,ਤੋਪਾਂ ਚਲਾਉਣ ਦੀ ਧਮਕੀ ਦਿਤੀ,ਜਿਸ ਦੇ ਵਿਰੋਧ 'ਚ ਵੈਨਾਕੂਵਰ ਵਿਚਲੇ ਪੰਜਾਬੀਆਂ ਨੇ ਜਵਾਬੀ ਕਾਰਵਾਈ ਕਰਦਿਆਂ ਸ਼ਹਿਰ ਨੂੰ ਅੱਗ ਲਾਉਣ ਦੀ ਧਮਕੀ ਦੇ ਦਿੱਤੀ।ਅੰਤ ਵਿੱਚ ਸਰਕਾਰ ਨੇ ਜਹਾਜ਼ ਦੇ ਯਾਤਰੀਆਂ ਨੂੰ ਰਾਸ਼ਨ ਦੇ ਕੇ 23 ਜੁਲਾਈ ਨੂੰ ਭਾਰਤ ਵਾਪਸ ਭੇਜਣ ਵਾਸਤੇ ਰਾਜੀ ਕਰ ਲਿਆ,ਜੋ 29 ਸਤੰਬਰ ਨੂੰ ਬਜਬਜ ਘਾਟ (ਕਲਕੱਤਾ) ਪਹੁੰਚਣ ਤੇ ਅੰਗਰੇਜ ਸਰਕਾਰ ਦੀ ਪੁਲਿਸ ਵਲੋਂ ਬਾਬਾ ਜੀ ਅਤੇ ਬਾਕੀ ਮੁਸਾਫਰਾਂ ਨੂੰ ਗਿਰਫਤਾਰ ਕਰਨ ਲਈ ਹੋਈ ਕਾਰਵਾਈ ਸਮੇਂ ਵਾਪਰੇ ਸਾਕੇ ਵਿਚ 21 ਦੇ ਕਰੀਬ ਮੌਤਾਂ ਤੇ 300 ਤੋਂ ਵੱਧ ਗਿਰਫਤਾਰੀਆਂ ਹੋਈਆਂ ਅਤੇ ਬਾਬਾ ਜੀ ਤੇ ਕੁਝ ਮੁਸਾਫਰ ਬੱਚ ਨਿਕਲਣ ਵਿੱਚ ਸਫਲ ਹੋ ਗਏ।18 ਮਈ 2016 ਨੂੰ ਉਸ ਸਮੇਂ ਦੇ ਕਨੈਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਕਾਮਾਗਾਟਾ ਮਾਰੂ ਜਹਾਜ਼ ਨੂੰ ਉਸ ਵੇਲੇ ਦੀ ਸਰਕਾਰ ਵਲੋਂ ਵਾਪਸ ਭੇਜਣ ਦੇ ਸਬੰਧ ਵਿਚ ਭਾਰਤੀਆਂ ਤੋਂ ਮੁਆਫੀ ਮੰਗੀ।

## ਮਹੀਨਾ ਸਾਵਣ



ਹਾੜ ਮਹੀਨਾ ਤਪਤ ਤਪਾਈ
ਲੋਕਾਂ ਬੜੀ ਦੁਹਾਈ ਪਾਈ
ਆ ਗਿਆ ਹੁਣ ਮਹੀਨਾ ਸਾਵਣ
ਕਾਲੇ ਕਾਲੇ ਬੱਦਲ ਆਵਣ।
ਮੋਰ ਵੀ ਖੁਸ਼ੀ 'ਚ ਪੈਲਾਂ ਪਾਵਣ
ਕੁਦਰਤ ਦੇ ਬਲਿਹਾਰੇ ਜਾਵਣ।
ਮੀਂਹ ਨੇ ਆ ਕੇ ਤਪਤ ਬੁਝਾਈ
ਖੁਸ਼ ਹੋ ਗਈ ਸਾਰੀ ਲੋਕਾਈ।
ਪੰਛੀ ਵੀ ਫਿਰ ਖੁਸ਼ ਹੋ ਕੇ
ਮੀਹਾਂ ਦੇ ਪਾਣੀ ਵਿੱਚ ਨਾਵਣ।
ਬੱਚਿਆਂ ਨੂੰ ਇਹ ਚੰਗਾ ਲਗਦਾ
ਕਿਸਤੀਆਂ ਆਪਣੀਆਂ ਵਿੱਚ ਚਲਾਵਣ।
ਰਲ ਮਿਲ ਕੱਠੇ ਸਾਰੇ ਬੱਚੇ
ਕੁਦਰਤ ਦੀਆਂ ਖੁਸ਼ੀਆਂ ਮਨਾਵਣ।
ਖੀਰ ਪੂੜੇ ਘਰ ਘਰ ਪਕਾਵਣ
ਬੱਚੇ ਬੁੱਢੇ ਰੱਜ ਰੱਜ ਖਾਵਣ
ਕੁਦਰਤ ਦੀ ਇਹ ਖੇਡ ਨਿਰਾਲੀ
ਨਾਲ ਸਮੇਂ ਦੇ ਸਭ ਹੀ ਆਵਣ।

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ

## ਸਾਦਗੀ




ਪਿਛਲੇ ਸਮੇਂ ਦੀ ਗੱਲ ਹੈ ਭਾਈ, ਘਰ ਹੁੰਦੇ ਸਨ ਕੱਚੇ।
ਐਪਰ ਓਸ ਸਮੇਂ ਦੇ ਲੋਕੀਂ, ਦਿਲ ਦੇ ਹੈ ਸਨ ਸੱਚੇ।

ਕੱਚਾ ਵਿਹੜਾ, ਕੱਚੀਆਂ ਕੰਧਾਂ, ਸਾਦਾ ਜਿਹੀ ਰਸੋਈ।
ਲੋੜ ਵਾਲੇ ਭਾਂਡੇ ਸਨ ਹੁੰਦੇ, ਨਹੀਂ ਵਿਖਾਵਾ ਕੋਈ।

ਵਾਣ ਦੇ ਮੰਜੇ ਸਨ ਘਰਾਂ ਵਿੱਚ, ਸ਼ੌਕ ਨਹੀਂ ਸਨ ਬਹੁਤੇ।
ਟੁੱਟੇ ਸਨ ਦਰਵਾਜ਼ੇ ਘਰ ਦੇ, ਪਰ ਬੰਦੇ ਸਨ ਪਹੁਤੇ।

ਸਾਫ਼ ਸਫ਼ਾਈ ਰੱਖੇ ਸੁਆਣੀ, ਕੰਧਾਂ ਹੁੰਦੀਆਂ ਲਿੱਪੀਆਂ।
ਨਾ ਉਹਨੂੰ ਕੋਈ ਦੱਸਣ ਵਾਲਾ, ਨਾ ਇਹ ਗੱਲਾਂ ਸਿੱਖੀਆਂ।

ਵੰਡ ਕੇ ਛਕਣਾ, ਨਾਮ ਧਿਆਉਣਾ, ਕਰਨੀ ਕਿਰਤ ਕਮਾਈ।
ਐਸੇ ਸਾਦਾ ਜੀਵਨ ਵਾਲੇ, ਚੱਲਦੇ ਹੁਕਮ ਰਜ਼ਾਈ।

ਸ਼ੌਕ-ਸ਼ੁਕੀਨੀ ਨਹੀਂ ਸੀ ਕੋਈ, ਬਸ ਇੱਕੋ ਭਰਵਾਸਾ।
ਸਾਦਾ ਘਰ ਵਿੱਚ, ਹੁੰਦੀ ਸਾਦਗੀ, ਰੱਬ ਦਾ ਹੁੰਦਾ ਵਾਸਾ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## ਸ਼ਿਵ ਨੇ ਪ੍ਰੇਮ ਵਿਚ ਜਿੰਦਗੀ ਤੇ ਨਾਮ ਕੀਤੀ।



ਸ਼ਿਵ ਬਟਾਲਵੀ ਜੀ ਨੂੰ ਬਿਰਹਾ ਦਾ ਸੁਲਤਾਨ ਵੀ ਕਿਹਾ ਜਾਂਦਾ ਹੈ।* ਸਿਵ ਲਿਖਦਾ ਹੈ ਚੂਰੀ ਕੁੱਟਾਂ ਤਾਂ ਉਹ ਖਾਂਦਾ ਨਾਹੀ ਵੇ ਅਸਾਂ ਦਿਲ ਦਾ ਮਾਸ ਖਵਾਇਆ ਇਕ ਉਡਾਰੀ ਐਸੀ ਮਾਰੀ ਓ ਮੁੜ ਵਤਨੀ ਨਾ ਆਇਆ। ਫਿਰ ਲਿਖਦਾ ਹੈ*
ਕੁਝ ਨਾ ਮਿਲਣ ਤੈਨੂੰ ਰੰਗ ਬਿਰੰਗੇ
ਕਪੜੇ ਪਾ ਕੇ ਜੇ ਕਰ ਦਿਲ ਵਿਚ ਹੈ।
ਨਹੀਂ ਰੰਗਾਂ ਦਾ ਦਰਿਆ।
ਅੱਗੇ ਲਿਖਦਾਂ" ਅੱਖਾਂ ਦੇ ਵਿਚ ਸਾਂਭ ਉਨੀਂਦਾ ਰਾਤਾਂ ਤੋਂ ਮੈਂ ਰਿਹਾ ਪੁਛੀਦਾਂ, ਤ੍ਰਿਣਨਾਂ ਦੇ ਵਿਚ ਰਿਹਾ ਫਰੀਦਾਂ। ਰਾਹੀਆਂ ਕੋਲੋਂ ਹਾਲ ਪੁਛੀਦਾਂ ਫਿਰ ਲਿਖਦਾ ਹੈ*
ਇਹ ਹੋ ਮੇਰੀ ਮੌਤ ਤੇ ਅੱਜ ਰੋ ਰਹੇ ਹਨ।
ਜੇ ਮੈਂ ਜੀਅ ਉੱਠਾ ਮੈਨੂੰ ਕਿਸੇ ਨੇ ਜੀਣ ਨਹੀਂ ਦੈਣਾ।
ਜਿੰਦਗੀ ਵਿਚੋਂ ਚਾਹ ਕਡ ਦਿੱਤੀ ਜਾਵੇ।
ਤਾਂ ਫਿਰ ਪਿੱਛੇ ਸਿਰਫ਼ ਸਿਰ ਦਰਦੀ ਹੀ ਬੱਚਦਾ ਹੈ।
ਕਦੀਂ ਸਕੂਨ ਵਾਸਤੇ ਗੱਲ ਕਰ ਲੈਣੀ ਜ਼ਰੂਰੀ ਲੱਗਦਾ ਹੈ।
ਸ਼ਿਵ ਬਟਾਲਵੀ ਲਿਖਦਾ ਹੈ***
ਜਿਥੇ ਮੋਇਆ ਬਾਅਦ ਵੀ
ਕਫਨ ਨਸੀਬ ਨਹੀਂ ਹੋਇਆ।
ਸ਼ਿਵ ਫਿਰ ਆਖਦਾ ***
ਕੁਝ ਅੱਖਾਂ ਹੱਥਾਂ ਨਾਲੋਂ ਜ਼ਿਆਦਾ ਛੂਹ ਜਾਂਦੀਆਂ ਹਨ
ਆਖਰ ਸ਼ਿਵ ਆਖਦਾ ਹੈ***
ਜਿਸ ਨੇ ਮੈਨੂੰ ਵੇਖ ਕੇ ਨਾ ਵੇਖਿਆ।
ਸ਼ਿਵ ਬਟਾਲਵੀ ਜੀ ਦੇ ਇਹ ਸ਼ਿਵ ਕੁਮਾਰ ਬਟਾਲਵੀ ਜੀ ਦੇ ਹੀ ਲਿਖੇ ਹੋਏ ਹਨ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ